# ਹੋਮਪੇਜ

ਕਿਰਾਏ ’ਤੇ ਘਰ ਦੇਣ ਵਾਲੇ ਗ੍ਰੇਟਰ ਮਾਨਚੈਸਟਰ ਦੇ ਨਵੇਂ ਅਤੇ ਉਤੇਜਕ ਤਰੀਕੇ ਪਿਨਪੁਆਇੰਟ ਵਿਖੇ ਆਪਦਾ ਸੁਆਗਤ ਹੈ।
ਪਿਨਪੁਆਇੰਟ ਘਰ ਦੀ ਚੋਣ ਕਰਨ ਲਈ ਇਲਾਕੇ ਭਰ ਵਿਚ ਵੱਧ ਮੌਕੇ ਪੇਸ਼ ਕਰਦਾ ਹੈ ਅਤੇ ਤੁਹਾਨੂੰ ਆਪਣੀ ਪਸੰਦ ਵਾਲੇ ਸਥਾਨ ਵਿਚ ਰਹਿਣ ਦੇ ਵੱਧ ਮੌਕੇ ਦਿੰਦਾ ਹੈ।

ਪਿਨਪੁਆਇੰਟ 10 ਗ੍ਰੇਟਰ ਮਾਨਚੈਸਟਰ ਲੋਕਲ ਅਥਾਰਿਟੀਜ਼ ਅਤੇ 14 ਹਾਊਸਿੰਗ ਐਸੋਸੀਏਸ਼ਨਾਂ ਵਿਚਕਾਰ ਭਾਈਵਾਲੀ ਹੈ।
ਗਾਹਕ ਆਪਣੀ ਲੋਕਲ ਅਥਾਰਿਟੀ ਕੋਲ ਕੇਵਲ ਇਕ ਵਾਰ ਰਜਿਸਟਰ ਹੁੰਦੇ ਹਨ ਅਤੇ ਇਸ ਰਜਿਸਟ੍ਰੇਸ਼ਨ ਨਾਲ ਉਹ ਪਿਨਪੁਆਇੰਟ ਦੇ ਘਰਾਂ ਨੂੰ ਦੇਖ ਸਕਦੇ ਹਨ। ਹਰ ਇਕ ਘਰ ਬਾਰੇ ਤੁਹਾਡੀ ਰੁਚੀ ਸਵੀਕਾਰ ਕਰਨ ਤੋਂ ਪਹਿਲਾਂ ਤੁਹਾਨੂੰ ਇਕ ਕਸੌਟੀ ਪੂਰੀ ਕਰਨ ਦੀ ਲੋੜ ਹੋਵੇਗੀ।

ਤੁਸੀਂ ਆਪਣੀ ਸਥਾਨਕ ਸਕੀਮ ਵਿਚ ਘਰਾਂ ਨੂੰ ਵੀ ਦੇਖ ਸਕਦੇ ਹੋ, ਪਿਨਪੁਆਇੰਟ ਦੇ ਘਰਾਂ ਵਿਚ ਰੁਚੀ ਦਿਖਾਉਣ ਨਾਲ ਤੁਹਾਨੂੰ ਵਧੇਰੇ ਮੌਕੇ ਮਿਲਦੇ ਹਨ।

ਇਸ ਵੈੱਬਸਾਈਟ ਨਾਲ ਤੁਹਾਨੂੰ ਉਸ ਘਰ ਨੂੰ ਦੇਖਣ ਅਤੇ ਉਸ ਵਿਚ ਰੁਚੀ ਦਿਖਾਉਣ ਦਾ ਮੌਕਾ ਮਿਲਦਾ ਹੈ ਜਿਸ ਵਿਚ ਤੁਹਾਡੀ ਦਿਲਚਸਪੀ ਹੈ। ਕ੍ਰਿਪਾ ਕਰਕੇ ਇਹ ਯਕੀਨੀ ਬਣਾਓ ਕਿ ਤੁਸੀਂ ਮਕਾਨ ਲੈਣ ਦੀ ਕਸੌਟੀ ਪੂਰੀ ਕਰਦੇ ਹੋ ਨਹੀਂ ਤਾਂ ਤੁਹਾਡੀ ਰੁਚੀ ਸਵੀਕਾਰ ਨਹੀਂ ਕੀਤੀ ਜਾਵੇਗੀ।
ਸਾਡੇ ਕੋਲ ਉਪਲੱਬਧ ਮਕਾਨ ਦੇਖਣ ਲਈ ਇੱਥੇ ਕਲਿੱਕ ਕਰੋ। ਹੋਰ ਜਾਣਕਾਰੀ ਲਈ ਦੇਖੋ ਇਹ ਕਿਵੇਂ ਕੰਮ ਕਰਦਾ ਹੈ ਜਾਂ ਸਾਡੇ ਨਾਲ ਸੰਪਰਕ ਕਰੋ।